**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ,**
**ਐਸ.ਸੀ.ਓ. ਨੰ 104-106, ਸੈਕਟਰ 34-ਏ, ਚੰਡੀਗੜ੍ਹ**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ

ਮੀਮੋ ਨੰ ਏਐਸਪੀਡੀ/ਆਈਸੀਟੀ/70346
ਮਿਤੀ ਚੰਡੀਗੜ੍ਹ 18.11.2010

**ਵਿਸ਼ਾ ਅਧਿਆਪਕਾਂ ਤੋਂ ਗੈਰ-ਵਿਦਿਅਕ ਕੰਮ ਲੈਣ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਭਾਰਤ ਸਰਕਾਰ ਵੱਲੋਂ ਨਵੇਂ ਬਣਾਏ ਬੱਚਿਆ ਦੀ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਕਾਨੂੰਨ 2009 ਤਹਿਤ ਸੈਕਸ਼ਨ 24 ਅਤੇ 27 ਵਿੱਚ ਸਪੱਸ਼ਟ ਤੌਰ ਤੇ ਲਿਖਿਆ ਹੋਇਆ ਹੈ ਕਿ ਅਧਿਆਪਕਾਂ ਤੋਂ ਮਰਦਮਸ਼ੁਮਾਰੀ, ਚੋਂਣ, ਹੜ੍ਹਾ ਜਾਂ ਭੂਚਾਲ ਤੋਂ ਇਲਾਵਾ ਹੋਰ ਕੋਈ ਕੰਮ ਨਾ ਕਰਵਾਇਆ ਜਾਵੇ ।

3.0 ਪਰੰਤੂ ਇਹ ਆਮ ਵੇਖਣ ਵਿੱਚ ਆਇਆ ਹੈ ਕਿ ਅਧਿਆਪਕਾਂ ਦੀ ਮਰਦਮਸ਼ੁਮਾਰੀ ਅਤੇ ਚੋਂਣ ਵਿੱਚ ਲਗਾਈ ਡਿਉਟੀ ਬਾਰੇ ਹੁਕਮ ਪ੍ਰਾਪਤ ਹੁੰਦੇ ਸਾਰ ਸਬੰਧਤ ਸਕੂਲ ਮੁੱਖੀ ਉਨ੍ਹਾਂ ਅਧਿਆਪਕਾਂ ਨੂੰ ਸਕੂਲ ਤੋਂ ਵੀ ਫਾਰਗ ਕਰ ਦਿੰਦੇ ਹਨ ਅਤੇ ਆਮ ਤੌਰ ਤੇ ਇਹ ਅਧਿਆਪਕ ਪੂਰਾ-ਪੂਰਾ ਸਮਾਂ ਸਕੂਲ ਤੋਂ ਬਾਹਰ ਹੀ ਰਹਿੰਦੇ ਹਨ। ਇਸ ਸਬੰਧ ਵਿੱਚ ਮਾਨਯੋਗ ਸੁਪਰੀਮ ਕੋਰਟ ਨੇ ਚੋਂਣ ਕਮਿਸ਼ਨਰ ਆਫ ਇੰਡੀਆ ਬਨਾਮ ਸੈਂਟ ਮੇਰੀ ਸਕੂਲ ਅਤੇ ਹੋਰ ਵਿੱਚ ਇਕ ਫੈਸਲਾ ਵੀ ਦਿੱਤਾ ਹੈ ਜਿਸ ਦਾ ਆਪਰੇਟਿਵ ਪਾਰਟ ਭਾਰਤ ਸਰਕਾਰ, ਮਾਨਵ ਸੰਸਾਧਨ ਮੰਤਰਾਲੈ ਵੱਲੋਂ ਆਪਣੇ ਪੱਤਰ ਨੰ 1-3/2010-ਈਈ4 ਮਿਤੀ 13.9.2010 (ਕਾਪੀ ਨਾਲ ਨੱਥੀ ਹੈ) ਰਾਹੀਂ ਭੇਜਿਆ ਗਿਆ ਹੈ, ਜਿਸ ਨੂੰ ਆਪ ਦੀ ਜਾਣਕਾਰੀ ਹਿੱਤ ਹੇਠਾ ਦਿੱਤਾ ਜਾਂਦਾ ਹੈ :-

***" Duties relating to election to the local authority or the State Legislatures or Parliament relate to***

***conduct of elections and the consequent deployment of teachers on the days of poll and counting the time spent on training imparted to them and collection of election material for such deployment. All other duties relating to electoral roll revisions will be undertaken on holidays and during non-teaching hours and non-teaching days. "***

4.0 ਆਪ ਜੀ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜਦੋਂ ਵੀ ਅਧਿਆਪਕਾਂ ਦੀ ਡਿਊਟੀ ਚੋਣ ਜਾਂ ਮਰਦਮਸ਼ੁਮਾਰੀ ਵਿੱਚ ਲਗਾਈ ਜਾਂਦੀ ਹੈ ਤਾਂ ਅਧਿਆਪਕਾਂ ਨੂੰ ਸਕੂਲ ਵਿੱਚੋਂ ਮੁਕੰਮਲ ਤੌਰ ਤੇ ਫਾਰਗ ਨਾ ਕਰਵਾਇਆ ਜਾਵੇ ਕਿਉਂ ਕਿ ਇਹ ਕੰਮ ਅਧਿਆਪਕਾਂ ਵੱਲੋਂ ਸਕੂਲ ਦੇ ਸਮੇ ਤੋਂ ਬਾਅਦ ਜਾਂ ਛੁੱਟੀ ਵੇਲੇ ਕਰਨਾ ਹੁੰਦਾ ਹੈ । ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹਦਾਇਤਾਂ ਦੀ ਪਾਲਨਾ ਕੀਤੀ ਜਾਵੇ।

5.0 ਇਹ ਮਾਨਯੋਗ ਮੁੱਖ ਸਕੱਤਰ ਜੀ ਦੀ ਪ੍ਰਵਾਨਗੀ ਮਿਤੀ 25.10.2010 ਨਾਲ ਜਾਰੀ ਕੀਤਾ ਜਾਂਦਾ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਨੱਥੀ / ਭਾਰਤ ਸਰਕਾਰ ਦਾ ਪੱਤਰ ਮਿਤੀ 13.9.2010

ਪਿਠ ਅੰਕਣ ਨੰ: ਉਕਤ ਮਿਤੀ 18.11.2010

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਇੰਨ-ਬਿੰਨ ਪਾਲਨਾ ਹਿੱਤ ਭੇਜਿਆ ਜਾਂਦਾ ਹੈ :-

(1) ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਅਤੇ (ਐ.ਸਿ.) ਪੰਜਾਬ,ਚੰਡੀਗੜ੍ਹ

(2) ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ